Vigilance Bureau Punjab

**VIGILANCE NABS FOOD SAFETY OFFICER, DRIVER FOR TAKING BRIBE**

**ALSO REGISTERS CASE AGAINST DHO**

Chandigarh, December 5: State Vigilance Bureau today nabbed Food Safety officer (FSO) and Driver of civil surgeon office, Barnala district red handed while accepting bribe of Rs. 20,000/-. In this bribery case District Health officer (DHO) Raj Kumar of this office has also been booked by the VB.

Disclosing this here an official spokesperson of the Vigilance Bureau said FSO Abhinav Khosla and Driver Jagpal Singh have been arrested on the complaint of Rishabh Jain of Barnala district. The complainant has approached the VB and informed that he is running a confectionary shop at village Sanghera and the accused DHO, FSO and his driver were threatening him and demanding Rs. 50,000 more for not submitting samples of confectionary items pertaining to his shop in the laboratory. He further said that he had already paid Rs. 50,000 to them three months back.

After verifying his information, the Vigilance team laid a trap and the accused FSO and driver were arrested on the spot while accepting bribe of Rs. 20,000/- from the complainant in the presence of two official witnesses. The VB has also registered case DHO in this case.

He informed that a case under Prevention of Corruption Act has been registered against the accused at VB police station Patiala and further investigation was under progress.

_________

ਵਿਜੀਲੈਂਸ ਬਿਓਰੋ ਪੰਜਾਬ

**ਵਿਜੀਲੈਂਸ ਵਲੋ ਫੂਡ ਸੇਫਟੀ ਅਧਿਕਾਰੀ ਸਮੇਤ ਡਰਾਈਵਰ 20,000 ਰੁਪਏ ਦੀ ਰਿਸਵਤ ਲੈਂਦਾ ਗ੍ਰਿਫਤਾਰ**

**ਜਿਲਾ ਸਿਹਤ ਅਧਿਕਾਰੀ ਖਿਲਾਫ਼ ਵੀ ਮੁਕੱਦਮਾ ਦਰਜ**

ਚੰਡੀਗੜ੍ਹ 5 ਦਸੰਬਰਃ ਪੰਜਾਬ ਵਿਜੀਲੈਂਸ ਬਿਊਰੋ ਵੱਲੋ ਅੱਜ ਸਿਵਲ ਸਰਜਨ ਦਫਤਰ, ਬਰਨਾਲਾ ਵਿਖੇ ਤਾਇਨਾਤ ਫੂਡ ਸੇਫਟੀ ਅਧਿਕਾਰੀ (ਐਫ.ਐਸ.ਓ) ਅਭਿਨਵ ਖੋਸਲਾ ਅਤੇ ਇਸੇ ਦਫਤਰ ਵਿਖੇ ਤਾਇਨਾਤ ਡਰਾਈਵਰ ਜਗਪਾਲ ਸਿੰਘ ਨੂੰ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਕਾਬੂ ਕੀਤਾ ਗਿਆ ਅਤੇ ਇਸੇ ਕੇਸ ਵਿਚ ਸ਼ਾਮਲ ਜਿਲਾ ਸਿਹਤ ਅਧਿਕਾਰੀ ਰਾਜ ਕੁਮਾਰ ਖਿਲਾਫ਼ ਵੀ ਮੁਕੱਦਮਾ ਦਰਜ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਐਫ.ਐਸ.ਓ ਅਤੇ ਡਰਾਈਵਰ ਨੂੰ ਸ਼ਿਕਾਇਤਕਰਤਾ ਰਿਸਵ ਜੈਨ, ਵਾਸੀ ਚੌੜਾ ਮੋਰਚਾ, ਜਿਲਾ ਬਰਨਾਲਾ ਦੀ ਸ਼ਿਕਾਇਤ 'ਤੇ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੀ ਪਿੰਡ ਸੰਘੇੜਾ ਵਿਖੇ ਕੰਨਫੈਕਸ਼ਨਰੀ ਦਾ ਕਾਰੋਬਾਰ ਹੈ ਅਤੇ ਉਕਤ ਡੀ.ਐਚ.ਓ, ਐਫ.ਐਸ.ਓ ਅਤੇ ਡਰਾਈਵਰ ਵਲੋਂ ਉਸ ਦੀ ਦੁਕਾਨ ਵਿਚ ਟੋਫੀਆਂ/ਗੋਲੀਆਂ ਦੇ ਭਰੇ ਗਏ ਨਮੂਨਿਆਂ ਨੂੰ ਲੈਬਾਰਟਰੀ ਵਿਚ ਟੈਸਟਿੰਗ ਲਈ ਨਾ ਭੇਜਣ ਬਦਲੇ 50,000 ਰੁਪਏ ਦੀ ਹੋਰ ਮੰਗ ਕੀਤੀ ਗਈ ਹੈ। ਸਿਕਾਇਤਕਰਤਾ ਨੇ ਕਿਹਾ ਕਿ ਉਸ ਵਲੋ ਪਹਿਲਾਂ ਹੀ ਉਕਤ ਦੋਸ਼ੀਆਂ ਨੂੰ 50,000 ਰੁਪਏ ਅਦਾ ਕੀਤੇ ਜਾ ਚੁੱਕੇ ਹਨ।

ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਦੋਸ਼ੀ ਐਫ.ਐਸ.ਓ ਅਤੇ ਡਰਾਈਵਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ ਅਤੇ ਇਸ ਕੇਸ ਵਿਚ ਸ਼ਾਮਲ ਜਿਲਾ ਸਿਹਤ ਅਧਿਕਾਰੀ ਖਿਲਾਫ ਵੀ ਮੁਕੱਦਮਾ ਦਰਜ ਕੀਤਾ ਗਿਆ ਹੈ।

ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀਆਂ ਖਿਲਾਫ ਵਿਜੀਲੈਂਸ ਬਿਓਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਪਟਿਆਲਾ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

--------